# ਝੂਠੇ ਹੰਝੂ



ਸੁਖਦੀਪ ਸਿੰਘ

www.PunjabiLibrary.com

# ਝੂਠੇ ਹੰਝੂ

ਟੁੱਟੇ ਹੋਏ ਦਰਵਾਜ਼ੇ ਮਰਦੇ ਨਹੀ ਹੁੰਦੇ,
ਕਦੇ ਇਹਨਾਂ ਨੂੰ ਪਿਆਰ ਨਾਲ ਬੁਲਾਵੀਂ,
ਇਹ ਖੋਲਣਗੇ ਉਹ ਦੱਬੀਆਂ ਘੁੱਟਿਆਂ ਗੱਲਾਂ,
ਦੇ ਪਰਦੇ ਜਿਹਨਾਂ ਦੇ ਕੋਲੋਂ ਤੂੰ ਕੋਲ ਹੋ ਕੇ ਵੀ,
ਅਣਜਾਣ ਸੀ।

( ਸੁਖਦੀਪ )

ਸੀਰਤ ਜਿਸ ਦਿਨ ਤੋਂ ਵਿਆਹ ਕੇ ਇਸ ਘਰ ਵਿੱਚ ਆਈ ਸੀ। ਉਸ ਦਿਨ ਤੋਂ ਹੀ ਬਹੁਤ ਜਿਆਦਾ ਔਖੀ ਸੀ। ਕਿਉਂਕਿ ਪੇਕਿਆਂ ਪੱਖੋਂ ਉਸਦੀ ਹਾਲਤ ਕਾਫੀ ਜਿਆਦਾ ਕੰਮਜੋਰ ਸੀ। ਉਹ ਪੰਜ


Webpagepdf.com

ਭੈਣਾਂ ਸਨ ਤੇ ਇੱਕ ਭਰਾ ਜੋ ਕਿ ਪੰਜਾਂ ਭੈਣਾਂ ਤੋਂ ਛੋਟਾ ਸੀ। ਸੀਰਤ ਦੋ ਭੈਣਾਂ ਕੋਲੋਂ ਵੱਡੀ ਤੇ ਦੋ ਭੈਣਾਂ ਕੋਲੋਂ ਛੋਟੀ ਸੀ। ਉਸਦਾ ਪਿਤਾ ਇੱਕ ਸੁਸਾਇਟੀ ਵਿੱਚ ਕੰਮ ਕਰਦਾ ਸੀ। ਉਸਨੂੰ ਜੋ ਵੀ ਤਨਖਾਹ ਮਿਲਦੀ ਸੀ। ਉਸਨਾਲ ਘਰ ਦਾ ਖਰਚ ਹੀ ਚਲਦਾ ਸੀ। ਇਸੇ ਕਾਰਨ ਉਹ ਸੀਰਤ ਨੂੰ ਦਾਜ ਵਿੱਚ ਬਹੁਤਾ ਸਮਾਨ ਨਾ ਦੇ ਸਕੇ। ਜਿਸ ਕਾਰਨ ਜਦ ਵੀ ਕੋਈ ਗੁਆਢਣ ਸੀਰਤ ਕੇ ਘਰ ਆਉਂਦੀ ਤਾਂ ਉਹ ਬੱਲਦੀ ਅੱਗ ਉਪਰ ਤੇਲ ਛਿੜਕ ਦੇਦੀਂ । ਬਾਅਦ ਵਿਚ ਸੀਰਤ ਦੀ ਸੱਸ ( ਬਾਸ਼ੋ ) ਕਿਸੇ ਨਾ ਕਿਸੇ ਬਹਾਨੇ ਸੀਰਤ ਨੂੰ ਨਿੱਕੀ ਨਿੱਕੀ ਗੱਲ ਉੱਪਰ ਟੋਕਦੀ ਰਹਿੰਦੀ । ਉਸਨੂੰ ਘੱਟ ਦਾਜ ਲਿਆਉਣ ਦਾ ਤਾਹਨਾ ਮਾਰਨ ਲਈ ਮੰਜੇ ਉਪਰ ਬੈਠੀ ਮੂੰਹ ਵਿਚ ਗੁਣਗੁਣਾਉਦੀ ਰਹਿੰਦੀ । ਪਰ ਸੀਰਤ ਚੁੱਪਚਾਪ ਘਰ ਦੇ ਕੰਮਾਂ ਵਿੱਚ ਲੱਗੀ ਰਹਿੰਦੀ।

ਸੀਰਤ ਦੇ ਪਤੀ ਦਾ ਨਾਮ ਸੁਨੀਲ ਸੀ ਜੋ ਕਿ ਦੋ ਭਰਾ ਸਨ। ਸੁਨੀਲ ਇੱਕ ਫੈਕਟਰੀ ਵਿੱਚ ਕੰਮ ਕਰਦਾ ਸੀ ਜਿਸ ਦੀ ਤਨਖਾਹ ਕਾਫੀ ਚੰਗੀ ਸੀ। ਜਿਸ ਨਾਲ ਘਰ ਦਾ ਗੁਜਾਰਾ ਬਹੁਤ ਵਧਿਆ ਚੱਲਦਾ ਸੀ । ਸੁਨੀਲ ਦਾ ਦੂਸਰਾ ਭਰਾ ਅਸ਼ੋਕ ਜੋ ਕਿ ਸੁਨੀਲ ਤੋਂ ਵੱਡਾ ਸੀ ਪਰ ਉਹ ਕੁਆਰਾ ਹੀ ਸੀ । ਉਸਨੇ ਆਪਣਾ ਇੱਕ ਵਧਿਆ ਹੋਟਲ ਖੋਲਿਆ ਹੋਇਆ ਸੀ। ਜਿਸ ਵਿੱਚੋਂ ਕਾਫੀ ਚੰਗੀ ਆਮਦਨ ਇੱਕਠੀ ਹੋ ਜਾਂਦੀ ਸੀ। ਪਰ ਅਸ਼ੋਕ ਸਾਰੇ ਪੈਸੇ ਐਸ਼

ਆਰਾਮ ਵਿੱਚ ਹੀ ਖਰਚ ਕਰ ਦੇਂਦਾ ਸੀ। ਇਸ ਕਰਕੇ ਘਰ ਦੀ ਸਾਰੀ ਕਬੀਲਦਾਰੀ ਸੁਨੀਲ ਦੇ ਸਿਰ ਉੱਪਰ ਸੀ। ਸੁਨੀਲ ਨੇ ਇੱਕ ਦੋ ਵਾਰ ਅਸ਼ੋਕ ਨੂੰ ਥੋੜ੍ਹੇ ਮੋਟੇ ਪੈਸੇ ਘਰ ਦੇ ਖਰਚੇ ਲਈ ਦੇਣ ਨੂੰ ਵੀ ਕਿਹਾ ਸੀ। ਪਰ  ਉਹ ਉਸਦੀ ਗੱਲ ਨੂੰ ਧਿਆਨ ਨਾਲ ਨਾ ਸੁਣਦਾ ਤੇ ਅਣਗੋਲਿਆ ਕਰ ਕੇ ਇੱਕ ਪਾਸੇ ਚਲਾ ਜਾਦਾਂ ਸੁਨੀਲ ਅੱਗੋ ਚੁੱਪ ਕਰ ਜਾਦਾਂ। ਉਸਨੇ ਇਹੀ ਗੱਲ ਕਈ ਵਾਰ ਆਪਣੀ ਮਾਂ ਨੂੰ ਵੀ ਕਹੀ ਪਰ ਉਹ ਉਸਨੂੰ ਆਖਦੀ ਕੇ ਪੁੱਤ ਉਹ ਜਿਨ੍ਹਾਂ ਚਿਰ ਕੁਆਰਾ ਏ ਉਸਦਾ ਕੋਈ ਖਰਚ ਨਹੀ ਏ ਉਹ ਕਿਹੜਾ ਤੇਰੇ ਕੋਲੋਂ ਮੰਗਦਾ ਏ ਆਪਣੇ ਹੀ ਪੈਸੇ ਵਰਤਦਾ ਏ ਕੋਈ ਨਾ ਜਦ ਵਿਆਹਿਆ ਗਿਆ ਫਿਰ ਉਹ ਤੈਨੂੰ ਘਰ ਦੇ ਖਰਚ ਲਈ ਪੈਸੇ ਦੇ ਦੇਆ ਕਰੇਗਾ ਸੁਨੀਲ ਅੱਗੋਂ ਫੇਰ ਚੁੱਪ ਕਰ ਜਾਦਾ

ਇਸੇ ਤਰ੍ਹਾਂ ਕਾਫੀ ਸਮਾਂ ਬੀਤਦਾ ਗਿਆ ਸੀਰਤ ਦੇ ਵਿਆਹ ਹੋਏ ਨੂੰ ਪੰਜ ਸਾਲ ਹੋ ਗਏ। ਉਹਨਾਂ ਦੇ ਘਰ ਦੋ ਬੱਚੀਆਂ ਨੇ ਜਨਮ ਲਿਆ ਵੱਡੀ ਕੁੜੀ ਦਾ ਨਾਮ 'ਗੁਰਨੂਰ'ਤੇ ਛੋਟੀ ਕੁੜੀ ਦਾ ਨਾਮ 'ਸਹਿਜ'ਰੱਖਿਆ ਗਿਆ। ਤੇ ਹੁਣ ਘਰ ਦੀ ਕਬੀਲਦਾਰੀ ਵੱਧ ਗਈ। ਬੱਚੀਆਂ ਦੇ ਨਿੱਕੇ ਸਮਾਨ ਉਪਰ ਅੱਜ ਦੀ ਮਹਿੰਗਾਈ ਵਿੱਚ ਬਹੁਤ ਜਿਆਦਾ ਖਰਚ ਆ ਜਾਦਾ ਏ ਤੇ ਸੁਨੀਲ ਨੂੰ ਬੱਚੀਆਂ ਦੇ ਪੜ੍ਹਾਈ ਦਾ ਫਿਕਰ ਸਤਾਉਣ ਲੱਗਾ। ਹੁਣ ਘਰ ਦਾ

ਗੁਜਾਰਾ ਵੀ ਬੜੀ ਮੁਸ਼ਕਿਲ ਨਾਲ ਚੱਲਦਾ। ਸੁਨੀਲ ਨੇ ਫੇਰ ਤੋਂ ਦੁਬਾਰਾ ਅਸ਼ੋਕ ਨੂੰ ਕਈ ਵਾਰ ਘਰ ਦੇ ਖਰਚ ਲਈ ਪੈਸੇ ਦੇਣ ਲਈ ਕਿਹਾ ਪਰ ਉਸਨੇ ਉਸਦੀ ਗੱਲ ਨੂੰ ਨਾ ਗੌਲਿਆ। ਫੇਰ ਅਖੀਰ ਘਰ ਦੇ ਹਲਾਤਾਂ ਨੂੰ ਵੇਖਦੇ ਹੋਏ ਸੀਰਤ ਨੇ ਸੁਨੀਲ ਨੂੰ ਸਲਾਹ ਦਿੱਤੀ ਕਿ ਜੇਕਰ ਅਸ਼ੋਕ ਘਰ ਦੇ ਖਰਚ ਲਈ ਪੈਸੇ ਨਹੀ ਦਿੰਦਾ ਤਾਂ ਤੁਸੀ ਮੰਮੀ ਨੂੰ ਕਹੋ ਕੇ ਤੁਸੀਂ ਸਾਡਾ ਹਿੱਸਾ ਵੰਡ ਦੇਵੋ ਸੀਰਤ ਦੀ ਇਹ ਗੱਲ ਸੁਣ ਕੇ ਸੁਨੀਲ ਨੂੰ ਬੜਾ ਅਜੀਬ ਜਾ ਮਹਿਸੂਸ ਹੋਇਆ ਕਿਉਂਕਿ ਉਹ ਆਪਣੀ ਮਾਂ ਜਿਸਨੇ ਉਸਨੂੰ ਐਨਾ ਵੱਡਾ ਕੀਤਾ ਪਾਲਿਆ ਪੋਸਿਆ ਇਹ ਗੱਲ ਕਿਵੇਂ ਕਹਿ ਦੇਵੇ ਪਰ ਸੀਰਤ ਨੇ ਉਸ ਗੱਲ ਨੂੰ ਇਸ ਤਰ੍ਹਾਂ ਘੁੰਮਾ ਫਿਰਾ ਕੇ ਕਿਹਾ ਕੇ ਸੁਨੀਲ ਮਾਂ ਨੂੰ ਉਹ ਇਹ ਹਿੱਸਾ ਵੰਡਣ ਵਾਲੀ ਗੱਲ ਕਹਿਣ ਲਈ ਮੰਨ ਗਿਆ । ਇਹ ਗੱਲ ਕਰਦਿਆਂ ਹੋਏ ਅਸ਼ੋਕ ਨੇ ਸੁਨੀਲ ਤੇ ਸੀਰਤ ਨੂੰ ਵੇਖ ਲਿਆ ਤੇ ਉਸਨੇ ਫੱਟ ਦਿਣੈ ਸਾਰੀ ਗੱਲ ਆਪਣੀ ਮਾਂ ਨੂੰ ਦੱਸ ਦਿੱਤੀ।

ਸੁਨੀਲ ਨੇ ਜਦੋਂ ਇਹ ਗੱਲ ਆਪਣੀ ਮਾਂ ਨੂੰ ਕਹੀ ਤਾਂ ਉਸਨੇ ਉਚੀ ਉੱਚੀ ਰੋਣਾ ਸ਼ੁਰੂ ਕਰ ਦਿੱਤਾ ਤੇ ਕਹਿਣ ਲੱਗੀ ਕੇ ਮੈਂ ਇਹ ਗੱਲ ਸੁਣਨ ਤੋਂ ਪਹਿਲਾਂ ਮਰ ਕਿਉਂ ਨਹੀ ਗਈ ਤੂੰ ਮੇਰੀਆਂ ਅੱਖਾਂ ਤੋਂ ਦੂਰ ਚਲਾ ਜਾ ਮੈਨੂੰ ਤੈਨੂੰ ਆਪਣਾ ਪੁੱਤ ਕਹਿੰਦੀ ਨੂੰ ਵੀ ਸ਼ਰਮ ਆਉਂਦੀ ਏ।

ਮਾਂ ਦੇ ਮੂੰਹੋ ਇਹ ਗੱਲ ਸੁਣਦੇ ਸਾਰ ਹੀ ਸੁਨੀਲ ਦਾ ਦਿਲ ਬਿਹਲਾ ਉਠਿਆ ਤੇ ਉਹ ਮਾਂ ਦੇ ਪੈਰਾਂ ਵਿੱਚ ਬੈਠ ਗਿਆ ਇਹ ਵੇਖ ਕੇ ਬਾਸ਼ੋ ਨੇ ਰੋਣ ਦੀ ਆਵਾਜ਼ ਹੌਲੀ ਕਰ ਲਈ ਤੇ ਕਹਿਣ ਲੱਗੀ ਕੇ ਤੂੰ ਮੇਰੀ ਨਜ਼ਰਾਂ ਤੋਂ ਦੂਰ ਚਲਾ ਜਾ ਸੁਨੀਲ ਨੇ ਆਪਣੀ ਮਾਂ ਨੂੰ ਅਹਿਸਾਸ ਕਰਵਾਇਆ ਕੇ ਮੇਰੇ ਕੋਲੋਂ ਗਲਤੀ ਹੋ ਗਈ ਮੈਂ ਅੱਗੇ ਤੋਂ ਐਸੀ ਗਲਤੀ ਨਹੀ ਕਰਾਂਗਾ ਤੂੰ ਮੈਨੂੰ ਮਾਫ ਕਰਦੇ......

ਬਾਸ਼ੋ ਨੇ ਸੁਨੀਲ ਨੂੰ ਆਪਣੀ ਬੁੱਕਲ ਵਿੱਚ ਘੁੱਟ ਲਿਆ ਤੇ ਕਹਿਣ ਲੱਗੀ ਪੁੱਤ ਮੈਂ ਸੋਨੂੰ ਦੋਵੇਂ ਭਰਾਵਾਂ ਨੂੰ ਵੱਖ ਹੁੰਦੇ ਨਹੀ ਵੇਖ ਸਕਦੀ ਮੇਰਾ ਨਰਮ ਦਿਲ ਤੇਰਾ ਭੋਲਾ ਜਿਹਾ ਚੇਹਰਾ ਦੇਖ ਕੇ ਹੀ ਪਿਘਲ ਜਾਦਾਂ ਏ ਪੁੱਤ ਮੈਂ ਅੱਜ ਵੀ ਤੇਰਾ ਓਨਾਂ ਹੀ ਮੋਹ ਕਰਦੀ ਆਂ ਜਿਨ੍ਹਾਂ ਤੈਨੂੰ ਨਿੱਕੇ ਹੁੰਦੀ ਨੂੰ ਕਰਦੀ ਸੀ ਤੂੰ ਮੇਰੇ ਜਿਉਂਦੇ ਜੀ ਦੁਬਾਰਾ ਐਸੀ ਗੱਲ ਮੁੜਕੇ ਨਾ ਕਰੀਂ ਸੁਨੀਲ ਨਹੀ ਮਾਂ ਮੈਂ ਅੱਗੇ ਤੋਂ ਕਦੇ ਅਜਿਹੀ ਗੱਲ ਨਹੀ ਕਰਦਾ...

ਅਸ਼ੋਕ ਮੰਜੇ ਦੇ ਇੱਕ ਪਾਸੇ ਖੜ੍ਹਾ ਵੇਖ ਰਿਹਾ ਸੀ ਤੇ ਸੀਰਤ ਵੀ ਕਮਰੇ ਦੀ ਬਾਰੀ ਵਿੱਚੋਂ ਦੀ ਸਭ ਵੇਖ ਰਹੀ ਸੀ....

ਉਹ ਬਾਸ਼ੋ ਦੀ ਰਗ ਰਗ ਕੋਲੋਂ ਵਾਕਿਫ ਸੀ ਉਹ ਉਸਦੀਆਂ ਚਾਲਾਂ ਨੂੰ ਚੰਗੀ ਤਰਾਂ ਜਾਣਦੀ ਸੀ...


Webpagepdf.com

ਅਸ਼ੋਕ ਮੱਠਾ ਮੱਠਾ ਹੱਸ ਰਿਹਾ ਸੀ ਤੇ ਇੱਕ ਹੱਥ ਨਾਲ ਮੁੱਛ ਨੂੰ ਮਰੋੜਾ ਦੇ ਰਿਹਾ ਸੀ ਜਿਵੇਂ ਕੋਈ ਬਹੁਤ ਵੱਡੀ ਬਾਜ਼ੀ ਜਿੱਤ ਲਈ ਹੋਵੇ...ਤੇ ਬਾਸ਼ੋ ਵੀ ਅੰਦਰੋਂ ਅੰਦਰੀਂ ਖੁਸ਼ ਹੋ ਰਹੀ ਸੀ..

ਬੇਸ਼ੱਕ ਇਹਨਾਂ ਨੇ ਕੋਈ ਬਾਜ਼ੀ ਤਾਂ ਨਹੀਂ ਸੀ ਜਿੱਤੀ ਪਰ ਉਹਨਾਂ ਨੇ ਸੁਨੀਲ ਦਾ ਮੂੰਹ ਹਮੇਸ਼ਾਂ ਲਈ ਬੰਦ ਕਰ ਦਿੱਤਾ ਸੀ , ਕਿਸੇ ਆਜਾਦ ਪੰਛੀ ਦੇ ਖੰਬ ਕੱਟ ਇੱਕ ਪਿੰਜਰੇ ਵਿਚ ਪਾ ਦਿੱਤਾ......

ਉਸਤੋਂ ਬਾਅਦ ਸੁਨੀਲ ਨੇ ਕਦੇ ਵੀ ਫੇਰ ਦੁਬਾਰਾ ਇਸ ਗੱਲ ਨੂੰ ਮਨ ਉਪਰ ਨਾ ਲਾਇਆ ਤੇ ਔਖਾ ਸੌਖਾ ਘਰ ਦੀ ਕਬੀਲਦਾਰੀ ਨੂੰ ਚਲਾਉਂਦਾ ਰਹਾ ਹੌਲੀ ਹੌਲੀ ਉਸਦੇ ਸਿਰ ਉੱਪਰ ਕਰਜ਼ਾ ਚੜਨਾ ਸ਼ੁਰੂ ਹੋ ਗਿਆ ਉਹ ਫੈਕਟਰੀ ਵਿਚ ਛੁੱਟੀ ਵਾਲੇ ਦਿਨ ਵੀ ਕੰਮ ਤੇ ਜਾਦਾਂ ਪਰ ਉਸਦੀ ਹਰ ਕੋਸ਼ਿਸ਼ ਨਾਕਾਮ ਰਹੀ...

ਬਾਸ਼ੋ ਸੀਰਤ ਨਾਲ ਨਿੱਕੀ ਨਿੱਕੀ ਗੱਲ ਉੱਪਰ ਝਗੜਾ ਕਰਦੀ ਰਹਿੰਦੀ ਪਰ ਸੀਰਤ ਹੁਣ ਉਸਦੀ ਗੱਲ ਦਾ ਵੱਧ ਚੜ ਕੇ ਮੋੜ ਦਿੰਦੀ ਪਰ ਬਾਸ਼ੋ ਅੱਗੋਂ ਕਦੇ ਕਦਾਈਂ ਤਾਂ ਚੁੱਪ ਕਰ ਜਾਦੀ ਪਰ ਕਦੇ ਕਦੇ ਲੰਬਾ ਸਮਾਂ ਸੀਰਤ ਤੇ ਬਾਸੋਂ ਆਪਸ ਵਿੱਚ ਝਗੜਦੀਆਂ ਰਹਿੰਦੀਆਂ

ਸੀਰਤ ਹੁਣ ਬਹੁਤ ਜਿਆਦਾ ਬੋਲਣ ਲੱਗ ਪਈ ਸੀ ਇਹ ਗੱਲ ਬਾਸ਼ੋ ਨੇ ਜਦੋਂ ਸੁਨੀਲ ਨੂੰ ਦੱਸਿਆ ਤਾਂ ਉਸਨੇ ਇਹ ਗੱਲ ਸੀਰਤ


Webpagepdf.com

ਨੂੰ ਕਹੀ ਤਾਂ ਸੀਰਤ ਨੇ ਕਿਹਾ ਕੇ ਜੇਕਰ ਉਹ ਮੇਰੇ ਕੋਲੋਂ ਤੰਗ ਆ ਤਾਂ ਮੈਂ ਸਵੇਰੇ ਹੀ ਆਪਣੇ ਪੇਕੇ ਚਲੀ ਜਾਵਾਂਗੀ ਸੁਨੀਲ ਨੇ ਕਿਹਾ ਕੇ ਮੇਰਾ ਇਹ ਮਤਲਬ ਨਹੀ ਸੀ ਸੀਰਤ ਤੈਨੂੰ ਮੰਮੀ ਜੀ ਨਾਲ ਇਸ ਤਰ੍ਹਾਂ ਨਹੀ ਬੋਲਣਾ ਚਾਹੀਦਾ ਅੱਗੋਂ, ਸੀਰਤ ਬੋਲੀ ਤੁਸੀਂ ਏਹ ਗੱਲ ਮੰਮੀ ਨੂੰ ਵੀ ਕਹਿ ਸਕਦੇ ਹੋ।

ਸੁਨੀਲ ਨੇ ਜਦੋਂ ਆਪਣੀ ਮਾਂ ਨੂੰ ਸੀਰਤ ਦੇ ਪੇਕੇ ਜਾਣ ਵਾਲੀ ਗੱਲ ਕਹੀ ਤਾਂ ਉਹ ਅੱਗੋਂ ਚੁੱਪ ਕਰ ਗਈ । ਉਸਤੋਂ ਬਾਅਦ ਕਦੇ ਵੀ ਬਾਸ਼ੋ ਸੀਰਤ ਨਾਲ ਨਾ ਬੋਲੀ ਤੇ ਨਾਹੀ ਕੋਈ ਟੋਕਾ ਟੋਕਾਈ ਕੀਤੀ ਤੇ ਬੱਚੀਆਂ ਦਾ ਤਾਂ ਉਹ ਪਹਿਲਾਂ ਤੋਂ ਹੀ ਬਹੁਤ ਧਿਆਨ ਰੱਖਦੀ ਸੀ ਪਰ ਹੁਣ ਉਹ ਉਸਤੋਂ ਵੀ ਜਿਆਦਾ ਉਹਨਾਂ ਦਾ ਖਿਆਲ ਰੱਖਦੀ ਨਾਲੇ ਉਹਨਾਂ ਨੂੰ ਬਾਹਿਰ ਘੁੰਮਾਉਣ ਲਈ ਵੀ ਲੈ ਜਾਦੀਂ ਬਾਸ਼ੋ ਇਸ ਲਈ ਬੱਚੀਆਂ ਦਾ ਮੋਹ ਜਿਆਦਾ ਕਰਦੀ ਸੀ ਕਿਉਕਿ ਉਹ ਆਪ ਸੱਤ ਭੈਣਾਂ ਸਨ ਤੇ ਦੋ ਭਰਾ ਬਾਸ਼ੋ ਸਾਰਿਆਂ ਤੋਂ ਛੋਟੀ ਸੀ ਤੇ ਉਸਦੀ ਮਾਂ ਉਸਨੂੰ ਬਹੁਤ ਜਿਆਦਾ ਕੁੱਟਦੀ ਮਾਰਦੀ ਸੀ ਤੇ ਬਹੁਤ ਜਿਆਦਾ ਕੰਮ ਕਰਵਾਉਂਦੀ ਸੀ ਇਸੇ ਲਈ ਉਸਨੇ ਆਪਣੇ ਮਨ ਵਿਚ ਇਸ ਗੱਲ ਨੂੰ ਤਨ ਲਿਆ ਸੀ ਕਿ ਉਹ ਕਦੇ ਵੀ ਕਿਸੇ ਬੱਚੀ ਦੇ ਉਪਰ ਹੱਥ ਨਹੀ ਚੁੱਕੇਗੀ ਤੇ ਨਾਹੀ ਉਹਨਾਂ ਤੋਂ ਜਿਆਦਾ ਕੰਮ ਕਰਵਾਵੇਗੀ.....

ਜਦ ਮੈਂ ਨਿੱਕੀ ਹੁੰਦੀ ਸੀ,
ਗੱਲ ਦਿਲ ਤੇ ਲੱਗੀ ਡੂੰਘੀ ਸੀ,
ਸਾਰੀ ਸਾਰੀ ਰਾਤ ਮੈਂ ਰੋ ਕੇ ਕੱਢੀ,
ਨਾਹੀ ਕਿਸੇ ਨੇ ਬੁੱਕਲ ਵਿਚ ਚੁੱਕਿਆ,
ਤੇ ਨਾਹੀ ਡੁੱਲਦੀ ਅੱਖ ਹੀ ਪੂੰਜੀ ਸੀ.......

{ ਸੁਖਦੀਪ }

ਸੀਰਤ ਦਾ ਸੁਭਾਅ ਦਿਨ ਬ ਦਿਨ ਬਹੁਤ ਜਿਆਦਾ ਗੁੱਸੇਖੋਰ ਤੇ ਲੜਾਕਾ ਹੁੰਦਾ ਗਿਆ, ਹੁਣ ਅਸ਼ੋਕ ਵੀ ਘਰ ਦੇ ਖਰਚ ਲਈ ਪੈਸੇ ਦੇਣ ਲੱਗ ਪਿਆ, ਤੇ ਹੌਲੀ ਹੌਲੀ ਕਰ ਸੁਨੀਲ ਨੇ ਸਾਰਾ ਕਰਜ਼ਾ ਲਾ ਦਿੱਤਾ । ਘਰ ਦੀ ਕਬੀਲਦਾਰੀ ਬਹੁਤ ਹੀ ਵਧੀਆ ਚੱਲਣ ਲੱਗ ਪਈ ਤੇ ਸੁਨੀਲ ਪੈਸੇ ਇੱਕਠੇ ਕਰਨ ਲੱਗ ਪਿਆ ਤੇ ਜਲਦੀ ਹੀ ਉਸਨੇ ਇਕ ਗੱਡੀ ਲੈ ਲਈ ਘਰ ਵਿੱਚ ਨਵੀਂ ਗੱਡੀ ਆ ਜਾਣ ਦੇ ਨਾਲ ਸਾਰੇ ਬਹੁਤ ਖੁਸ਼ ਸਨ ਪਰ ਸੀਰਤ ਦੇ ਮੱਥੇ ਉਪਰ ਤੇਓੜੀਆਂ ਸਾਫ ਦਿਖਾਈ ਦੇ ਰਹੀਆਂ ਸਨ। ਉਹ ਆਪਣੇ ਕਮਰੇ ਵਿੱਚ ਦਰਵਾਜ਼ੇ ਦੀ ਕੁੰਡੀ ਲਾਕੇ ਬੈਠੀ ਟੀ ਵੀ ਦੇਖ ਰਹੀ ਸੀ ।


Webpagepdf.com

ਉਸਦੀ ਏ ਗੱਲ ਸਾਰਿਆਂ ਨੂੰ ਬਹੁਤ ਜਿਆਦਾ ਚੁੱਬ ਰਹੀ ਸੀ ਕਿ ਅਖੀਰ ਅਜਿਹੀ ਕਿਹੜੀ ਗੱਲ ਹੋ ਗਈ ਕਿ ਸੀਰਤ ਨੂੰ ਘਰ ਵਿਚ ਨਵੀਂ ਗੱਡੀ ਆਉਣ ਦਾ ਬਿਲਕੁਲ ਵੀ ਚਾਅ ਨਹੀ ਏ...

ਕਾਫੀ ਸਮਾਂ ਬੀਤਦਾ ਗਿਆ ਸੀਰਤ ਦੇ ਸੁਭਾਅ ਵਿੱਚ ਕੋਈ ਵੀ ਬਦਲਾਵ ਨਾ ਆਇਆ ਸਗੋਂ ਉਸਦਾ ਸੁਭਾਅ ਹੋਰ ਜਿਆਦਾ ਗੁੱਸੇ ਖੋਰ ਤੇ ਰੁੱਖਾ ਹੋ ਗਿਆ । ਹੁਣ ਸੁਨੀਲ ਦਾ ਵੀ ਕੰਮ ਵਧਿਆ ਚਲਣ ਕਰਕੇ ਉਸਨੂੰ ਕੰਪਨੀ ਵੱਲੋਂ ਆੱਫਰ ਮਿਲਿਆ ਕਿ ਉਸਦੇ ਚੰਗੇ ਕੰਮ ਨੂੰ ਵੇਖਦਿਆਂ ਉਸਦੇ ਵਧਿਆ ਸੁਭਾਅ ਨੂੰ ਨਜ਼ਰਬੰਦ ਰੱਖਦਿਆਂ ਉਸਨੂੰ ਕੰਪਨੀ ਦੇ ਆੱਫ਼ਸ ਦੇ ਵਾਇੱਸ ਹੈੱਡ ਬਣਨ ਦਾ ਮੌਕਾ ਮਿਲਿਆ ਹੈ ਪਰ ਉਸਨੂੰ ਇਸਦੇ ਲਈ ਮੁੰਬਈ ਸਹਿਰ ਟਰੇਨਿੰਗ ਲਈ ਜਾਣਾ ਪਵੇਗਾ। ਸੁਨੀਲ ਨੇ ਘਰ ਗੱਲਬਾਤ ਕਰਕੇ ਮੀਟਿੰਗ ਉਪਰ ਜਾਣ ਲਈ ਤਾਰੀਖ ਪੱਕੀ ਕਰ ਦਿੱਤੀ। ਉਸਨੇ ਹਵਾਈ ਆੱਨਲਾਈਨ ਟਿਕਟ ਬੁੱਕ ਕਰਵਾਈ ਸੀ । ਜੋ ਕਿ ਕਿਸੇ ਵਜ੍ਹਾ ਕਾਰਨ ਕੈਂਸਲ ਹੋ ਗਈ। ਜਿਸ ਕਾਰਨ ਉਸਨੇ ਉਸ ਵਕਤ ਗੱਡੀ ਉੱਪਰ ਜਾਣਾ ਹੀ ਸਹੀ ਲੱਗੀਆ। ਇਸ ਲਈ ਉਹ ਗੱਡੀ ਵਿਚ ਹੀ ਚਲਾ ਗਿਆ ਉਸਨੂੰ ਉਥੇ ਲਗਪਗ ਦੋ ਤਿੰਨ ਦਿਨ ਲੱਗ ਗਏ। ਉਸ ਨੇ ਵਾਪਿਸ ਤੁਰਨ ਤੋਂ ਪਹਿਲਾਂ ਘਰ ਫੋਨ ਕਰ ਕੇ ਦੱਸ ਦਿੱਤਾ ਕੇ ਉਹ ਆ ਰਿਹਾ ਏ ਉਹ ਜਲਦੀ ਹੀ ਪਹੁੰਚ ਜਾਵੇਗਾ ਤੁਸੀ ਖਾਣਾ ਬਣਾ ਕੇ ਤਿਆਰ ਰੱਖਣਾ ।ਉਹ ਰਸਤੇ ਵਿੱਚ ਆ


Webpagepdf.com

ਰਿਹਾ ਸੀ ਕੇ ਅਚਾਨਕ ਹੀ ਇੱਕ ਟਰੱਕ ਅੱਗੋਂ ਦੂਸਰੀ ਸਾਇਡ ਵਾਲੀ ਗੱਡੀ ਪਾਸ ਕਰ ਰਿਹਾ ਸੀ ਤੇ ਉਸਨੇ ਬਿਨਾਂ ਅੱਗੇ ਵੇਖੇ ਹੀ ਟਰੱਕ ਸੁਨੀਲ ਦੀ ਗੱਡੀ ਉੱਪਰ ਚਾੜ ਦਿੱਤਾ । ਪਰ ਸੁਨੀਲ ਨੇ ਗੱਡੀ ਨੂੰ ਬਿਲਕੁਲ ਇੱਕ ਪਾਸੇ ਕਰ ਲਿਆ ਜਿਸ ਨਾਲ ਟਰੱਕ ਗੱਡੀ ਉਪਰੋਂ ਚੜਨੋਂ ਤਾਂ  ਬਚ ਗਿਆ ਪਰ ਜੋਰ ਦੀ ਅੱਗਲੇ ਹਿੱਸੇ ਉਪਰ ਟੱਕਰ ਲੱਗੀ ਜਿਸ ਨਾਲ ਗੱਡੀ ਉਲਟ ਗਿਆ ਤੇ ਗੱਡੀ ਅਗਲਾ ਹਿੱਸਾ ਪੂਰੀ ਤਰ੍ਹਾਂ ਟੁੱਟ ਗਿਆ। ਟਰੱਕ ਵਾਲਾ ਆਦਮੀ ਬਿਨਾਂ ਰੋਕੇ ਟਰੱਕ ਨੂੰ ਭਜਾ ਕੇ ਲੰਘ ਗਿਆ । ਤੇ ਸੁਨੀਲ ਨੂੰ ਐਮਰਜੈਂਸੀ ਹਸਪਤਾਲ ਲਿਜਾਇਆ ਗਿਆ । ਜਦੋਂ ਤੱਕ ਸੁਨੀਲ ਦੇ ਘਰ ਦੇ ਉਸ ਤੀਕ ਪਹੁੰਚੇ ਉਸਦੀ ਮੌਤ ਹੋ ਗਈ …………

ਅਚਾਨਕ ਹੀ ਸੁਨੀਲ ਦਾ ਐਕਸੀਡੈਂਟ ਹੋਣਾ ਕੀ ਇਸ ਪਿਛੇ ਕੋਈ ਕਾਰਨ ਸੀ ਜਾ ਨਾ , ਬਾਸ਼ੋ ਦੇ ਸੁਭਾਅ ਦਾ ਇਕਦਮ ਬਦਲ ਜਾਣਾ ਕੀ ਸੱਚਮੁੱਚ ਹੀ ਬਾਸ਼ੋ ਨੂੰ ਸੀਰਤ ਦੇ ਪੇਕੇ ਜਾਣ ਦਾ ਡਰ ਸੀ, ਅਜਿਹਾ ਕੀ ਹੋਇਆ ਕੇ ਅਸ਼ੋਕ ਦਾ ਘਰ ਦੇ ਖਰਚੇ ਲਈ ਪੈਸੇ ਦੇਣ ਲੱਗ ਪਿਆ। ਏਹੋ ਜਿਹੀ ਕਿਹੜੀ ਗੱਲ ਸੀ ਕੇ ਸੀਰਤ ਨੂੰ ਨਵੀਂ ਗੱਡੀ ਦਾ ਬਿਲਕੁਲ ਚਾਅ ਨਹੀ ਸੀ ਮਨਾਇਆ ਉਹ ਤਾਂ

ਖੁਦ ਸੁਨੀਲ ਨਾਲ ਘਰ ਦੀ ਕਬੀਲਦਾਰੀ ਦੀਆਂ ਗੱਲਾਂ ਕਰਦੀ ਸੀ.....

ਸਾਹਿਲ ਅਸ਼ੋਕ ਦਾ ਸਕੂਲ ਸਮੇਂ ਦਾ ਦੋਸਤ ਸੀ ਉਹ ਵੀ ਅਸ਼ੋਕ ਵਾਂਗੂੰ ਅਜੇ ਕੁਆਰਾ ਹੀ ਸੀ, ਉਹ ਇਕੋ ਹੀ ਕਲਾਸ ਵਿਚ ਇੱਕਠੇ ਪੜਦੇ ਸੀ, ਜਦ ਵੀ ਕਦੇ ਉਹ ਬਾਹਿਰ ਘੁੰਮਣ ਜਾਂਦੇ ਤਾਂ ਉਹ ਦੋਵੇਂ ਇੱਕਠੇ ਹੀ ਰਹਿੰਦੇ, ਸਾਹਿਲ ਆਪਣੀਆਂ ਗੱਲਾਬਾਤਾਂ ਨਾਲ ਹਰਇੱਕ ਦੇ ਮਨ ਨੂੰ ਮੋਹ ਲੈਂਦਾ ਸੀ ਇਹ ਉਸਦੀ ਸਭ ਵੱਡੀ ਖਾਸੀਅਤ ਸੀ। ਪਰ ਇਸੇ ਦੇ ਨਾਲ ਹੀ ਉਸਦੀ ਸਭ ਤੋਂ ਮਾੜੀ ਆਦਤ ਚੋਰੀ ਕਰਨ ਦੀ ਸੀ। ਉਹ ਗੱਲਾਂ ਗੱਲਾਂ ਵਿਚ ਕਿਸੇ ਨਾ ਕਿਸੇ ਦਾ ਕੁੱਝ ਨਾ ਕੁੱਝ ਚੁਰਾ ਹੀ ਲੈਂਦਾ, ਉਹ ਪੜ੍ਹਾਈ ਪੱਖੋਂ ਵੀ ਬਹੁਤ ਹੁਸ਼ਿਆਰ ਸੀ ਤੇ ਨਕਲ ਮਾਰਨ ਵਿਚ ਵੀ ਸਭ ਤੋਂ ਅੱਗੇ ਇਸੇ ਲਈ ਹੀ ਉਹ ਹਰ ਵਾਰ ਕਲਾਸ ਵਿਚੋਂ ਸਭ ਤੋਂ ਅਵੱਲ ਆਉਦਾ ਸੀ।

ਸਹਿਲ ਵੀ ਉਸੇ ਹੀ ਫੈਕਟਰੀ ਵਿਚ ਕੰਮ ਕਰਦਾ ਸੀ ਜਿਸ ਫੈਕਟਰੀ ਵਿਚ ਅਸ਼ੋਕ ਦਾ ਭਰਾ ਸੁਨੀਲ ਕੰਮ ਕਰਦਾ ਸੀ,

ਪਹਿਲਾਂ ਪਹਿਲ ਤਾਂ ਉਹਨਾਂ ਵਿਚ ਬਹੁਤ ਹੀ ਜਿਆਦਾ ਮਿਲਾਪ ਸੀ, ਉਹ ਦੋਵੇਂ ਫੈਕਟਰੀ ਵਿਚ ਵੀ ਇੱਕਠੇ ਹੀ ਜਾਂਦੇ, ਜਦ ਵੀ ਕਦੇ ਉਹਨਾਂ ਨੂੰ ਫੈਕਟਰੀ ਵਿਚ ਜਿਆਦਾ ਸਮਾਂ ਲੱਗ ਜਾਦਾਂ ਤਾਂ ਸਹਿਲ ਦਾ ਘਰ ਦੂਰ ਪੈਣ ਕਰਕੇ, ਸੁਨੀਲ ਉਸਨੂੰ ਆਪਣੇ ਘਰ ਰੁੱਕਣ ਲਈ ਆਖਦਾ ਤੇ ਸਹਿਲ ਰੁੱਕ ਜਾਦਾਂ, ਫਿਰ ਅਚਾਨਕ ਪਤਾ ਨਹੀ ਉਹਨਾਂ ਵਿਚ ਅਜਿਹਾ ਕੀ ਹੋਇਆ ਕਿ ਉਹਨਾਂ ਨੇ ਇੱਕ ਦੂਜੇ ਨੂੰ ਬਿਲਕੁਲ ਬਲਾਉਣਾ ਛੱਡ ਦਿੱਤਾ ਤੇ ਹੌਲੀ ਹੌਲੀ ਉਹਨਾਂ ਵਿਚ ਐਨੀ ਜਿਆਦਾ ਨਫ਼ਰਤ ਪੈਦਾ ਹੋ ਗਈ ਕਿ ਉਹ ਇੱਕ ਦੂਸਰੇ ਦਾ ਚਹਿਰਾ ਤੱਕ ਵੇਖਣਾ ਪਸੰਦ ਨਹੀ ਸੀ ਕਰਦੇ, ਸੁਨੀਲ ਜਦ ਵੀ ਕੋਈ ਫੈਕਟਰੀ ਵਿਚ ਖਾਸ ਕੰਮ ਕਰ ਰਿਹਾ ਹੁੰਦਾ ਤਾ ਸਹਿਲ ਉਸਨੂੰ ਖਰਾਬ ਕਰਨ ਦੇ ਬਹਾਨੇ ਲੱਭਦਾ ਰਹਿੰਦਾ ਪਰ ਉਹ ਹਰ ਵਾਰੀ ਅਸਫਲ ਰਹਿੰਦਾ ਉਹ ਚਾਹੁੰਦਾ ਸੀ ਕਿ ਸੁਨੀਲ ਨੂੰ ਕਿਵੇਂ ਨਾ ਕਿਵੇਂ ਫੈਕਟਰੀ ਵਿਚੋਂ ਬਾਹਿਰ ਕੱਢ ਦਿੱਤਾ ਜਾਵੇ, ਪਰ ਹੋਇਆ ਇਸਦੇ ਬਿਲਕੁਲ ਉਲਟ ਉਸਦੇ ਚੰਗੇ ਕੰਮ ਨੂੰ ਵੇਖਦਿਆਂ ਹੈੱਡ ਆੱਫਸਰ ਨੇ ਉਸਨੂੰ ਵਾਇੱਸ ਆਫਸਰ ਬਣਨ ਦਾ ਮੌਕਾ ਦਿੱਤਾ ਤੇ ਸਹਿਲ ਤੋਂ ਇਹ ਸਭ ਬਰਦਾਸ਼ਤ ਨਾ ਹੋਇਆ ਕਿਉਕਿ ਸਹਿਲ ਨੂੰ ਫੈਕਟਰੀ ਵਿੱਚੋਂ ਚੋਰੀ ਕਰਦੇ ਸੁਨੀਲ ਨੇ ਵੇਖ ਲਿਆ ਜਿਸ ਕਾਰਨ ਉਹ ਉਸਨੂੰ ਵਾਇਸ ਆਫਸਰ ਬਣਨ ਤੇ ਫੈਕਟਰੀ ਵਿਚੋਂ ਬਾਹਿਰ ਕੱਢਬਾ ਸਕਦਾ ਸੀ

ਇਸੇ ਲਈ ਹੀ ਜਦ ਸੁਨੀਲ ਟਰੇਨਿੰਗ ਤੋਂ ਵਾਪਿਸ ਆ ਰਿਹਾ ਸੀ ਉਸਦੀ ਗੱਡੀ ਉੱਪਰ ਟਰੱਕ ਚਾੜ ਦਿੱਤਾ ਜਿਸ ਨਾਲ ਸੁਨੀਲ ਦੀ ਮੌਤ ਹੋ ਗਈ, ਅਸ਼ੋਕ ਨੂੰ ਇਹ ਸਭ ਪਤਾ ਸੀ ਕਿਉਕਿ ਉਹ ਸੁਨੀਲ ਨੂੰ ਮਾਰ ਕੇ ਸੀਰਤ ਕੋਲੋਂ ਬਦਲਾ ਲੈਂਣਾ ਚਾਹੁੰਦਾ ਸੀ।

ਕਿਉਕਿ ਪਹਿਲਾਂ ਪਹਿਲ ਸੀਰਤ ਦਾ ਮੰਗਣਾ ਅਸ਼ੋਕ ਨਾਲ ਹੀ ਤੈਅ ਹੋਇਆ ਸੀ ਪਰ ਬਾਅਦ ਵਿਚ ਅਸ਼ੋਕ ਦੀ ਉਮਰ ਜਿਆਦਾ ਹੋਣ ਕਰਕੇ ਸੀਰਤ ਦੇ ਘਰਦਿਆਂ ਨੇ ਰਿਸਤਾ ਵਾਪਿਸ ਲੈ ਲਿਆ ਪਰ ਬਾਸ਼ੋ ਦੇ ਜਿਆਦਾ ਕਹਿਣ ਤੇ ਉਹਨਾਂ ਨੇ ਸੀਰਤ ਦਾ ਵਿਆਹ ਸੁਨੀਲ ਨਾਲ ਕਰ ਦਿੱਤਾ, ਉਹ ਇਸੇ ਲਈ ਘਰ ਦੇ ਖਰਚੇ ਲਈ ਪੈਸੇ ਦੇਣ ਲੱਗ ਪਿਆ ਸੀ ਉਹ ਚਾਹੁੰਦਾ ਸੀ ਕਿ ਉਸਦੀ ਸਾਰੀ ਜਿੰਦਗੀ ਵੈਰਾਨ ਹੋ ਜਾਵੈ।

ਪਰ ਹੋਇਆ ਬਿਲਕੁਲ ਇਸਦੇ ਉਲਟ ਸੁਨੀਲ ਦੀ ਮੌਤ ਤੋਂ ਬਾਅਦ ਸੀਰਤ ਆਪਣੇ ਪੇਕੇ ਚਲੀ ਗਈ ਪਰ ਬਾਸ਼ੋ ਦੇ ਕਹਿਣ ਤੇ ਉਹਨਾਂ ਨੇ ਉਸਨੂੰ ਫੇਰ ਦੁਆਰਾ ਭੇਜ ਦਿੱਤਾ, ਕਿਉਂਕਿ ਸੀਰਤ ਦੇ ਪੇਕਿਆਂ ਕੋਲ ਵੀ ਐਨੇ ਪੈਸੇ ਨਹੀ ਸਨ ਕਿ ਉਹ ਸੀਰਤ ਦਾ ਦੂਜਾ ਵਿਆਹ ਕਰ ਦੇਣ ਇਸੇ ਲਈ ਉਹਨਾਂ ਨੇ ਸੀਰਕ ਨੂੰ ਉਥੇ ਹੀ ਤੋਰ ਦਿੱਤਾ ...

ਸੀਰਤ ਨੇ ਵੀ ਆਪਣਿਆਂ ਪੇਕਿਆਂ ਦਾ ਕਹਿਣਾ ਨਾ ਮੋੜਿਆ ਤੇ


Webpagepdf.com

ਅਸ਼ੋਕ ਨੂੰ ਅਪਣਾ ਲਿਆ

ਇਸ ਨਾਲ ਅਸ਼ੋਕ ਆਪਣੇ ਪਾਏ ਜਾਲ ਵਿਚ ਖੁਦ ਹੀ ਉਲਝ ਗਿਆ ਤੇ ਆਪਣੇ ਮਾਂ ਦੀ ਗੱਲ ਨੂੰ ਨਾ ਮੋੜ ਸਕਿਆ ਪਰ ਅਖੀਰ ਉਸਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ...

ਇਸ ਵਜ੍ਹਾ ਨਾਲ ਘਰ ਵਿਚ ਹਰਰੋਜ ਨਿੱਕੀ ਨਿੱਕੀ ਗੱਲ ਉਪਰ ਲੜਾਈ ਹੁੰਦੀ ਤੇ ਸ਼ਰਾਬ ਦੇ ਨਸ਼ੇ ਦੇ ਕਾਰਨ ਅਸ਼ੋਕ ਨੇ ਕਈ ਵਾਰ ਸੀਰਤ ਉਪਰ ਹੱਥ ਵੀ ਚੁੱਕ ਦਿੱਤਾ ਸੀ ਸੀਰਤ ਨੇ ਕਈ ਰਾਤਾਂ ਬਿਨਾਂ ਰੋਟੀ ਖਾਦੇ ਵੀ ਕੱਢਿਆ, ਉਹ ਅਸ਼ੋਕ ਦੇ ਅੱਗੇ ਤਾਂ ਕੁੱਝ ਨਾ ਬੋਲਦੀ ਪਰ ਉਸਦੇ ਕੰਮ ਤੇ ਚਲੇ ਜਾਣ ਤੋਂ ਬਾਅਦ ਹੀ ਬਾਸ਼ੋ ਨਾ ਲੜਨਾ ਸ਼ੁਰੂ ਕਰ ਦਿੰਦੀ ਪਰ ਬਾਸ਼ੋ ਅੱਗੋ ਕੁੱਝ ਨਾ ਬੋਲਦੀ ਕਿਉਂਕਿ ਉਸ ਕੋਲੋਂ ਘਰ ਦਾ ਬਹੁਤਾ ਕੰਮ ਨਹੀ ਹੁੰਦਾ ਤੇ ਨਾਹੀ ਆਪਣੇ ਭਾਰੇ ਸਰੀਰ ਕਾਰਨ ਕਰ ਸਕਦੀ ਸੀ ਇਸੇ ਲਈ ਉਹ ਸੀਰਤ ਦੇ ਪੇਕੇ ਜਾਣ ਦੇ ਡਰ ਤੋ ਡਰਦੀ ਰਹਿੰਦੀ ਤੇ ਚੁੱਪ ਬੈਠੀ ਰਹਿੰਦੀ ਸੀਰਤ ਆਪੇ ਹੀ ਗੁੱਸਾ ਗਿਲਾ ਕੱਢ ਕੇ ਚੁੱਪ ਕਰ ਜਾਦੀਂ ...

ਹੁਣ ਬੱਚੀਆਂ ਵੀ ਵੱਡੀਆਂ ਹੋ ਗਈਆਂ ਸਨ ਜਦ ਕੋਈ ਵੀ ਬੱਚੀ ਬਾਹਿਰ ਖੇਡਣ ਚੱਲੀ ਜਾਦੀ ਤਾਂ ਸੀਰਤ ਉਹਨਾਂ ਨੂੰ ਬਹੁਤ ਜਿਆਦਾ ਝਿੜਕਦੀ ਤੇ ਕਈ ਵਾਰ ਹੱਥ ਵੀ ਚੁੱਕਦੀ ਬਾਸ਼ੋ ਇਹ

ਦੇਖ ਕੇ ਕਿਵੇਂ ਚੁੱਪ ਰਹਿ ਸਕਦੀ ਸੀ ਕਿਉਕਿ ਉਸਨੇ ਆਪਣੇ ਉਪਰ ਏਹੋ ਜਿਹਾ ਵਕਤ ਹੰਢਾਇਆ ਸੀ ਉਹ ਸੀਰਤ ਨੂੰ ਬੱਚੀਆਂ ਦੇ ਮਾਰਨ ਤੋਂ ਰੋਕਦੀ ਪਰ ਸੀਰਤ ਉਹਨਾਂ ਨੂੰ ਹੋਰ ਜਿਆਦਾ ਕੁੱਟਦੀ ਮਾਰਦੀ ਤੇ ਉਹਨਾਂ ਕੋਲੋਂ ਘਰ ਦਾ ਕੰਮ ਕਰਵਾਉਦੀ ਬਾਸ਼ੋ ਬੁੱਢੀ ਹੋ ਚੁੱਕੀ ਸੀ ਜਿਸ ਕਾਰਨ ਉਹ ਸੀਰਤ ਨੂੰ ਬਾਂਹ ਫੜ ਕੇ ਰੋਕ ਨਹੀ ਸਕਦੀ ਸੀ ਨਹੀ ਤਾਂ ਉਹ ਬਾਰੋਬਰ ਮਾਰ ਮਾਰਕੇ ਉਸਨੂੰ ਅਹਿਸਾਸ ਕਰਾ ਦਿੰਦੀ ਪਰ ਹੁਣ ਉਹ ਬੇਵੱਸ ਸੀ ਸੀਰਤ ਨੂੰ ਬੱਚੀਆਂ ਨੂੰ ਕੁੱਟਦੇ ਵੇਖ ਬਾਸ਼ੋ ਦੀਆਂ ਹੱਥਾਂ ਵਿਚ ਅੱਥਰੂ ਉੱਤਰ ਆਉਦੇ ਤੇ ਉਹ ਨਦੀ ਵਾਂਗ ਵਹਿਣ ਲੱਗਦੇ...

ਪਰਦੇ ਛਾ ਗਏ ਅੱਖਾਂ ਤੇ,
ਪਰ ਹੁੰਦਾ ਆਉਂਦਾ ਉਹੀਓ ਸੱਭ,
ਉਹੀਓ ਨੇ ਪਹਿਲਾਂ ਵਾਲੇ ਇਨਸਾਨ ,
ਉਹੀਓ ਬਨਾਉਣ ਵਾਲਾ ਰੱਬ,

{ ਸੁਖਦੀਪ }

ਬਾਸੋ ਉਹ ਦਿਨ ਚੇਤੇ ਕਰਦੀ ਜਦ ਉਹ ਆਪਣੇ ਹਾਣ ਦੀਆਂ ਕੁੜੀਆਂ ਦੇ ਨਾਲ ਨਿੱਕੀ ਹੁੰਦੀ, ਇਕ ਵਾਰ ਵੱਡੇ ਬਾਬੇ ਕੇ ਅੰਦਰਲੇ ਘਰ ਮਿੱਟੀ ਉਪਰ ਘਰ ਘਰ ਖੇਡ ਰਹੀ ਸੀ , ਉਸਨੇ ਆਪਣੇ ਪੈਰ ਉਪਰ ਮਿੱਟੀ ਲਿਪ ਲਿਪ ਕੇ ਇੱਕ ਘਕ ਬਣਾਇਆ ਸੀ ਜਿਸ ਵਿੱਚ ਉਹ ਪਰੀਆਂ ਵਾਲੇ ਖੰਭ ਲਾ ਕੇ ਪਰੀਆਂ ਦੇ ਨਾਲ ਹਵਾ ਵਿੱਚ ਉੱਡਣ ਦੇ ਖਬਾਬ ਵੇਖ ਰਹੀ ਸੀ , ਐਨੇ ਵਿੱਚ ਹੱਥ ਵਿਚ ਗਿੱਲੀ ਤੂਤ ਦਾ ਡੰਡਾ ਫੜੀ ਮੱਥੇ ਤੇ ਨੀਓਤੀ ਸੋ ਤਿਉੜੀਆਂ ਪਾਈ, ਤੇ ਉਚੀ ਉਚੀ ਆਵਾਜ਼ ਵਿਚ ਗਾਲਾਂ ਕੱਢਦੀ ਉਸ ਦੀ ਬੇਬੇ ਆ ਗਈ ਤੇ ਸਾਰੇ ਖਬਾਬ ਉਥੇ ਹੀ ਚੂਰ ਹੋ ਕੇ ਡਿੱਗ ਪਏ ਤੇ ਬੇਬੇ ਨੇ ਬਿਨਾਂ ਕੁੱਝ ਪੁੱਛੇ ਹੀ ਕੁੱਟਣਾ ਸੁਰੂ ਕਰ ਦਿੱਤਾ ਜਿਸ ਦੇ ਨਿਸ਼ਾਨ ਬੇਬੇ ਦੀ ਪਿੱਠ ਉਪਰ ਅੱਜ ਵੀ ਉਵੇਂ ਹੀ ਛਪੇ ਪਏ ਨੇ ਲਹੂ ਨਿੱਕਲ ਨਿੱਕਲ ਬੁਰਾ ਹਾਲ ਹੋ ਗਿਆ ਸੀ ਤੇ ਬਾਸ਼ੋ ਦੀ ਚੀਕਦੀ ਦੀ ਆਵਾਜ਼ ਸਾਰੇ ਪਿੰਡ ਵਿਚ ਸੁਣਾਈ ਦੇ ਰਹੀ ਸੀ ਤੇ ਬੇਬੇ ਉਸ ਉਪਰ ਬਿਨਾਂ ਤਰਸ ਖਾਏ ਇੱਕ ਗੁੱਤ ਕੋਲੋਂ ਘੜੀਸ ਕੇ ਘਰ ਲੈ ਆਈ ਸੀ ਤੇ ਦੋ ਦਿਨ ਕਾਲੀ ਕੋਠਰੀ ਵਿਚ ਬੰਦ ਕਰਕੇ ਰੱਖਿਆ ਸੀ ਤੇ ਤੀਸਰੇ ਦਿਨ ਜਦ ਸਵੇਰੇ ਵੱਡੀ ਤਾਈ ਨੇ ਕੋਠਰੀ ਦਾ ਦਰਵਾਜ਼ਾ ਖੋਲਿਆ ਤਾਂ ਬਾਸ਼ੋ ਦੀ ਪਿੱਠ ਲਹੂ ਨਾਲ ਗੱਚ ਸੀ ਤੇ ਮੂੰਹ ਉਪਰ ਹੰਝੂਆਂ ਦੇ ਨਿਸ਼ਾਨ ਅੱਖਾਂ ਸੁੱਜਿਆ ਹੋਈਆਂ ਤੇ ਬੇਹੋਸ਼ ਪਈ ਸੀ ਸਾਰਿਆਂ ਨੂੰ ਲੱਗਾ ਕਿ ਬਾਸ਼ੋ ਤਾਂ ਮਰ ਗਈ ਪਰ ਮੂੰਹ

ਉਪਰ ਪਾਣੀ ਛਿੜਕਣ ਤੇ ਕਾਫ਼ੀ ਜਿਆਦਾ ਸਮੇ ਤੋ ਬਾਅਦ ਉਸਨੇ ਮਸਾਂ ਅੱਖ ਖੋਲ੍ਹੀ ਬਾਸੋਂ ਨੇ ਮਨ ਵਿਚ ਉਸ ਦਿਨ ਤੋਂ ਹੀ ਤਾਣ ਲਈ ਕਿ ਉਹ ਕਿਸੇ ਵੀ ਬੱਚੇ ਉਪਰ ਹੱਥ ਨਹੀ ਚੁੱਕੇਗੀ ਤੇ ਨਾਹੀ ਕੰਮ ਕਰਵਾਵੇਗੀ ਤੇ ਫੇਰ ਬਾਪੂ ਨੇ ਹਕੀਮ ਤੋਂ ਦਵਾਈ ਲੈ ਕੇ ਆਦੀਂ ਉਹ ਦਵਾਈ ਕਿੰਨਾ ਹੀ ਚਿਰ ਬਾਸ਼ੋ ਦੀ ਪਿੱਠ ਉਪਰ ਲਾਈ ਮਸਾਂ ਹੀ ਜਖਮ ਭਰੇ ਪਰ ਨਿਸ਼ਾਨ ਪੈ ਗਏ ਬਾਸ਼ੋ ਉਸ ਦਿਨ ਤੋਂ ਬਾਅਦ ਕਦੇ ਘਰੋਂ ਬਾਹਿਰ ਨਾ ਨਿਕਲੀ , ਜਿਸ ਦਿਨ ਬਾਸ਼ੋ ਦਾ ਵਿਆਹ ਸੀ ਜਦ ਉਹ ਡੋਲੇ ਵਿਚ ਬੈਠੀ ਉਸਨੇ ਤੋਬਾ ਕੀਤੀ ਕਿ ਉਹ ਮੁੜ ਕਦੇ ਵੀ ਇਸ ਘਰ ਵਿਚ ਪੈਰ ਨਹੀ ਪਾਵੇਗੀ ਉਸਨੇ ਮੁੜ ਕਦੇ ਫੇਰ ਆਪਣੇ ਪੇਕਿਆਂ ਨਾਮ ਤੱਕ ਨਹੀ ਲਿਆ ਇੱਕ ਦੋ ਵਾਰ ਵਿਆਹ ਤੋਂ ਬਾਅਦ ਬਾਪੂ ਬਾਸ਼ੋ ਨੂੰ ਆ ਕੇ ਮਿਲ ਗਿਆ ਸੀ ਪਰ ਬਾਸ਼ੋ ਮੁੜ ਨਾ ਗਈ ਤੀਹ ਕੂ ਸਾਲ ਪਹਿਲਾਂ ਆਖਰੀ ਵਾਰ ਵੱਡਾ ਤਾਇਆ ਆਇਆ ਸੀ ਉਹ ਦੱਸਦਾ ਸੀ ਕਿ ਬੇਬੇ ਖਾਸੀ ਬਿਮਾਰ ਏ ਉਹ ਆਖਦੀ ਸੀ ਕਿ ਮੈਂ ਬਾਸ਼ੋ ਤੋਂ ਮਾਫ਼ੀ ਮੰਗਣੀ ਏ ਮੈਂ ਉਸਨੂੰ ਬਹੁਤ ਕੁੱਟਿਆ ਮਾਰਿਆ ਮੈਨੂੰ ਉਹ ਮਾਫ਼ ਕਰ ਦੇਵੈ ਤੇ ਨਾਲੇ ਤਾਇਆ ਆਖਦਾ ਸੀ  ਕਿ ਬਾਸ਼ੋ ਬੇਬੇ ਤੈਨੂੰ ਮਿਲ਼ਣਾ ਚਾਹੁੰਦੀ ਏ ਕੀ ਪਤਾ ਇਸ ਤੇ ਬਾਅਦ ਉਹ ਨਾ ਮਿਲੇ ਪਰ ਬਾਸ਼ੋ ਨੇ ਨਾਲ ਜਾਣ ਤੋ ਇਨਕਾਰ ਕਰ ਦਿੱਤਾ ਤਾਏ ਦੇ ਚਲੇ ਜਾਣ ਤੋਂ ਬਾਅਦ ਉਹ ਬਹੁਤ ਜਿਆਦਾ ਰੋਈ ਹੁਣ ਤਾਂ ਉਸ ਗੱਲ

ਨੂੰ ਬਹੁਤ ਸਮਾਂ ਹੋ ਗਿਆ ਹੁਣ ਤਾਂ ਬੇਬੇ ਬਾਪੂ ਦੋਵੇਂ ਹੀ ਚੱਲ ਵਸੇ ਹੋਣੇ ਇਹ ਗੱਲ ਦਿਮਾਗ ਵਿਚ ਆਉਦੇ ਸਾਰ ਹੀ ਬਾਪੂ ਮੰਜੇ ਉਪਰ ਬੈਠਾ ਰੋਟੀ ਖਾ ਰਿਹਾ ਤੇ ਬੇਬੇ ਹੋਰ ਰੋਟੀ ਲਈ ਆਉਦੀ ਤੇ ਤਾਇਆ ਖੱਕ ਡੰਗਰਾਂ ਨੂੰ ਪਾਉਦਾ ਤੇ ਤਾਈ ਰੋਟੀ ਬਣਾਉਦੀ ਵੇਖਾਈ ਦਿੱਤੀ ਇਸ ਦੇ ਨਾਲ ਬਾਸ਼ੋ ਦੀਆਂ ਅੱਖਾਂ ਵਿਚਲੇ ਹੰਝੂ ਹੋਰ ਵੀ ਤੇਜ ਹੋ ਗਏ...

ਚੰਨ ਵੀ ਰੋਵੇ ਤੇ ਕੁਰਲਾਵੇ,
ਜਦੋਂ ਯਾਦ ਤੇਰੀ ਮੈਨੂੰ ਐਵੇ,
ਮਿਲ ਨਾ ਹੋਇਆ ਕਿਉਂ ਤੈਨੂੰ ,
ਏਸੈ ਗੱਲ ਦਾ ਝੋਰਾ ਵੱਢ ਵੱਢ ਖਾਵੈ,

ਦੱਸ ਦੇਣ ਜੋ ਦੂਰ ਹੋਇਆ,
ਦੀਆਂ ਦਿਲ ਦੀਆਂ ਗੱਲਾਂ,
ਕੀ ਉੱਠਦੀਆਂ ਅੰਦਰ ਉਹਨਾਂ,
ਖਿਆਲ ਸਾਡਿਆਂ ਦੀਆਂ ਛੱਲਾਂ,


Webpagepdf.com

ਕੋਈ ਐਸਾ ਰਸਤ ਬਣਾਵੈ,

ਕੋਈ ਐਸੀ ਘਾੜਤ ਆਣ,

ਰਚਾਵੈ...

{ ਸਖਦੀਪ }

ਦੋਵੇਂ ਬੱਚੀਆਂ ਰੋਦੀਆਂ ਰੋਦੀਆਂ ਅੰਦਰ ਚਲਿਆ ਗਈਆ ਤੇ ਬਾਸ਼ੋ ਸਿਰ ਵਾਲੀ ਚੁੰਨੀ ਦੀ ਇੱਕ ਕੰਨੀ ਨਾਲ ਅੱਖਾਂ ਪੂੰਜ ਰਹੀ ਏ ਤੇ ਸੀਰਤ ਮੂੰਹ ਵਿਚ ਪਤਾ ਨਹੀ ਕੀ ਗੁਣਗੁਣਾ ਰਹੀ ਏ ਅਚਾਨਕ ਹੀ ਦਰਵਾਜ਼ਾ ਖੜਕਿਆ ਸੀਰਤ ਨੇ ਗੋਰ ਕਰੀ ਤੇ ਚੁੱਪ ਕਰ ਗਈ ਫੇਰ ਦਰਵਾਜ਼ਾ ਖੜਕਿਆ...

ਸੀਰਤ ਨੇ ਆਵਾਜ ਲਗਾਈ ਕੋਣ......???



Webpagepdf.com

# ਝੂਠੇ ਹੰਝੂ

ਜਦ ਸੀਰਤ ਬੂਹੇ ਦਾ ਕੁੰਡਾ ਖੋਲਦੀ ਹੈ,

ਤਾਂ ਬਾਹਰ ਇਕ ਡਾਕੀਆ ਖੜਾ ਹੁੰਦਾ ਹੈ । ਸੀਰਤ ਉਸ ਨੂੰ ਦੇਖ ਕੇ ਆਪਣੇ ਮਨ ਹੀ ਮਨ ਕਈ ਤਰ੍ਹਾਂ ਦੇ ਖਿਆਲ ਬੁਣਦੀ ਹੈ। ਇੰਨੇ ਨੂੰ ਡਾਕੀਆ ਸੀਰਤ ਨੂੰ ਇਕ ਚਿੱਠੀ ਕੱਢ ਕੇ ਦਿੰਦਾ ਹੈ ਅਤੇ ਸੀਰਤ ਨੂੰ ਇਕ ਕਾਗਜ਼ ਅਤੇ ਪੈੱਨ ਫੜਾਉਂਦਿਆਂ ਉਸ ਉੱਤੇ ਦਸਤਖਤ ਕਰਨ ਲਈ ਕਹਿੰਦਾ ਹੈ। ਸੀਰਤ ਉਸ ਉੱਤੇ ਦਸਤਖਤ ਕਰਦੀ ਹੈ। ਜਦ ਉਹ ਅੰਦਰ ਚਲੀ ਜਾਂਦੀ ਹੈ ਤਾਂ ਉਸ ਦੀ ਸੱਸ ਬਾਸ਼ੋ ਉਸ ਦੇ ਹੱਥ ਵਿਚ ਚਿੱਠੀ ਦੇਖ ਕੇ ਪਤਾ ਨਹੀ ਕੀ ਕੁੱਝ ਬੋਲਦੀ ਹੈ,ਪਰ ਜਦ ਸੀਰਤ ਚਿੱਠੀ ਖੋਲਦੀ ਹੈ ਤਾਂ ਉਸ ਨੂੰ ਪਤਾ ਲੱਗਦਾ ਹੈ ਕਿ ਚਿੱਠੀ ਉਸ ਦੇ ਪੇਕਿਆਂ ਦੀ ਹੈ। ਉਸ ਚਿੱਠੀ ਨੂੰ ਪੜ ਕੇ ਉਸ ਦੀਆਂ ਅੱਖਾਂ ਵਿੱਚੋਂ ਹੰਝੂ ਡਿੱਗਣ ਲੱਗਦੇ ਹਨ। ਉਸ ਵਿਚ ਲਿਖਿਆ ਹੁੰਦਾ ਹੈ ਕਿ ਸੀਰਤ ਦੀ ਛੋਟੀ ਭੈਣ ਰਜਨ ਦੇ ਵਿਆਹ ਦੇ ਸਮੇਂ ਘਰ ਵਿਚ ਗਰੀਬੀ ਹੋਣ ਕਰਕੇ ਰਜਨ ਨੂੰ ਬਹੁਤਾ ਦਾਜ ਨਹੀ ਦੇ ਸਕੇ। ਇਸ ਕਰਕੇ ਰਜਨ ਦਾ ਸਹੁਰਾ



Webpagepdf.com

ਪਰਿਵਾਰ ਉਸ ਨੂੰ ਤੰਗ ਕਰ ਰਿਹਾ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਕਿ ਅਗਰ ਲੋੜੀਂਦਾ ਦਾਜ਼ ਨਾ ਦਿੱਤਾ ਗਿਆ ਤਾਂ ਉਹ ਰਜਨ ਨਾਲੋਂ ਆਪਣਾ ਰਿਸ਼ਤਾ ਤੋੜ ਲੈਣਗੇ।

ਗਿਆ ਲੱਭਣ ਖੁਸ਼ੀ ਬਜਾਰੋਂ ਮੈਂ

ਉਥੇ  ਮਿਲਣ ਮੇਰਾ ਸ਼ਰਮਸਾਰ ਹੋਇਆ,

ਇਕ ਭੁੱਖਾ ਬੱਚਾ ਸੀ ਚਹੁ੍ੰ ਕੁ ਸਾਲਾਂ ਦਾ

,

ਲੈ ਅੁੰਨ ਦਾ ਟੁਕੜਾ ਸ਼ੁਕਰਗੁਜ਼ਾਰ ਹੋਇਆ,

ਇਕ ਪੈਰ ਹੀ ਅਜੇ ਪੁੱਟਿਆ ਸੀ

ਦਰਿਸ਼ ਦੇਖਿਆ ਇਕ ਕਹਾਣੀ ਦਾ,

ਮੁੰਡਾ ਜੰਮਣ ਤੇ ਦਿੰਦੇ ਵਧਾਈਆਂ ਸੀ,

ਪਰ ਚਿਹਰਾ ਦੇਖਿਆ ਨੀ ਕਿਸੇ ਧੀ,

ਨਿਮਾਣੀ ਦਾ,

ਇਕ ਨਜਰ ਮਾਰੀ ਆਪਣੇ ਅੰਦਰ ਮੈਂ

,

ਦਿਲ ਮੇਰਾ ਅੰਦਰੋਂ ਹੀ ਪਸੀਜ ਗਿਆ,

ਅੱਗੇ ਦੇਖਿਆ ਬਾਪ ਲਟਕਿਆ ਫੰਧੇ ਨਾਲ

,

ਲੈ ਪਰਿਵਾਰ ਦੀ ਸਾਰੀ ਰੀਝ ਗਿਆ,

ਹੱਥ ਚੋਂ ਉਹਦੇ ਇਕ ਪਰਚੀ ਲੱਭ ਗਈ

,

ਤਿੰਨ ਨ ਅੱਖਰਾਂ ਦਾ ਸ਼ਬਦ ਦਹੇਜ਼ ਲਿਖਿਆ ਅੱਗੇ ਖੋਲਿਆ ਤਾਂ ਪੰਨਾ ਸੀ ਡੇਢ ਫੁੱਟ ਦਾ

,

ਜਿਸਤੇ ਲੈਣ-ਦੇਣ ਦਾ ਸਾਰਾ ਭੇਦ ਲਿਖਿਆ..

{ ਰਮਨਦੀਪ }

ਅਖੀਰ ਵਿੱਚ ਸੀਰਤ ਨੂੰ ਪੇਕੇ ਆਉਣ ਦਾ ਸੱਦਾ ਦਿੰਦੇ ਹਨ। ਸ਼ਾਮ ਨੂੰ ਜਦ ਅਸ਼ੋਕ ਕੰਮ ਤੋਂ ਵਾਪਸ ਘਰ ਆਉਂਦਾ ਹੈ, ਤਾਂ ਉਸ ਸੀਰਤ ਉਸਨੂੰ ਸਾਰੀ ਗੱਲ ਦੱਸਦੀ ਹੈ ਅਤੇ ਪੇਕੇ ਜਾਣ ਬਾਰੇ ਪੁੱਛਦੀ ਹੈ , ਤਾਂ ਅਸ਼ੋਕ ਉਸਨੂੰ ਪੇਕੇ ਜਾਣ ਤੋਂ ਇਨਕਾਰ ਕਰ ਦਿੰਦਾ ਹੈ। ਕਿਉਂਕਿ ਅਸ਼ੋਕ ਪਹਿਲਾਂ ਤੋਂ ਹੀ ਸੀਰਤ ਦੇ ਪਰਿਵਾਰ ਨੂੰ ਤੋੜਨਾ ਚਾਹੁੰਦਾ ਸੀ। ਉਸ ਦੇ ਮਨਾ੍ ਕਰਨ ਤੋਂ ਬਾਅਦ ਆਪਣੀ ਮਾਂ ਦੇ ਕਹਿਣ ਤੇ ਉਸ ਨੂੰ ਪੇਕੇ ਭੇਜਣ ਲਈ ਮੰਨ ਜਾਂਦਾ ਹੈ ।

"ਕਹਿੰਦੇ ਹੁੰਦੇ ਆ ਔਰਤ ਕਿੰਨੀ ਵੀ ਖਰਾਬ ਹੋਵੇ, ਪਰ ਦੂਸਰੀ ਔਰਤ ਦਾ ਦਰਦ ਪਹਿਚਾਣ ਹੀ ਲੈਂਦੀ ਹੈ"

ਸੀਰਤ ਜਦ ਆਪਣੇ ਪੇਕਿਆਂ ਤੋਂ ਵਾਪਿਸ ਆਉਂਦੀ ਹੈ ਤਾਂ ਉਹ ਬਹੁਤ ਹੀ ਚੁੱਪਚਾਪ ਰਹਿੰਦੀ ਹੈ। ਉਸ ਦੇ ਦਿਮਾਗ ਵਿੱਚ ਰਜਨ ਦਾ ਰਿਸ਼ਤਾ ਟੁੱਟਣ ਵਾਲੀ ਗੱਲ ਦਾ ਬੋਝ ਹੁੰਦਾ ਹੈ।" ਸੁਣਿਆ ਹੈ ਕਿ ਖਾਮੋਸ਼ੀ ਖਤਰੇ ਦੀ ਸਭ ਤੋਂ ਵੱਡੀ ਨਿਸ਼ਾਨੀ ਹੁੰਦੀ ਹੈ" ਉਹੀ ਹੋਇਆ ਸੀਰਤ ਦੀ ਚੁੱਪ ਨੇ ਇਕ ਹੋਰ ਜਾਨ ਲੈ ਲਈ ਸੀ ।

ਗੱਲ ਉਸ ਦਿਨ ਦੀ ਹੈ ਜਦ ਸੀਰਤ ਨੂੰ ਪੇਕਿਆਂ ਤੋਂ ਵਾਪਿਸ ਆਇਆਂ ਨੂੰ ਕੁੱਝ ਕੁ ਦਿਨ ਹੋਏ ਸਨ , ਰੋਜ਼ ਦੀ ਤਰ੍ਹਾਂ ਉਹ ਘਰ ਦਾ ਕੰਮ ਕਰ ਕਾਰ ਰਹੀ ਸੀ। ਅਚਾਨਕ ਘਰ ਦਾ ਬੂਹਾ

 Webpagepdf.com

ਖੜਕਿਆ ਸਰੀਤ ਖੜਕਾ ਸੁਣ ਕੇ ਇਨ੍ਹਾਂ ਸੋਚੀਂ ਪੈ ਗਈ ਕਿ ਉਹ ਬੂਹਾ ਖੋਲ੍ਹਣਾ ਭੁੱਲ ਗਈ । ਉਸਦੇ ਅੰਦਰ ਭੈੜੇ ਭੈੜੇ ਖਿਆਲ ਦੌੜਨ ਲੱਗੇ , ਫਿਰ ਦੂਸਰੀ ਵਾਰ ਬੂਹਾ ਖੜਕਿਆ ਅਤੇ ਸੀਰਤ ਅਚਾਨਕ ਬਿਜਲੀ ਦੇ ਕਰੰਟ ਵਾਂਗ ਕੰਬ ਕੇ ਉੱਠੀ। ਜਦ ਉਸਨੇ ਬੂਹਾ ਖੋਲਿਆ ਤਾਂ ਬਾਹਰ ਡਾਕੀਆ ਖੜਾ ਸੀ ਜੋ ਉਸਦੇ ਘਰ ਚਿੱਠੀ ਦੇਣ ਆਇਆ ਸੀ। ਡਾਕੀਏ ਨੂੰ ਦੇਖ ਕੇ ਸੀਰਤ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਡਾਕੀਏ ਨੇ ਸੀਰਤ ਨੂੰ ਚਿੱਠੀ ਦਿੰਦਿਆਂ ਦਸਤਖਤ ਕਰਨ ਲਈ ਕਿਹਾ, ਸੀਰਤ ਨੇ ਕੰਬਦੇ ਹੱਥਾਂ ਨਾਲ ਦਸਤਖ਼ਤ ਕਰ ਦਿੱਤੇ, ਅਤੇ ਅੰਦਰ ਚੱਲੀ ਗਈ। ਜਦ ਉਸਨੇ ਚਿੱਠੀ ਖੋਲੀ ਤਾਂ ਸੁਨੀਲ ਦੀ ਕੰਪਨੀ ਦੁਆਰਾ ਸੁਨੀਲ ਦੀ ਜਗਾ ਉੱਤੇ ਸੀਰਤ ਨੂੰ ਕੰਪਨੀ ਵਿਚ ਨੋਕਰੀ ਕਰਨ ਦਾ ਮੌਕਾ ਦਿੱਤਾ ਗਿਆ ਸੀ ।

ਉਸਨੇ ਨੌਕਰੀ ਕਰਨ ਲਈ ਅਸ਼ੋਕ ਤੋਂ ਪੁੱਛਿਆ , ਤਾਂ ਅਸ਼ੋਕ ਨੇ ਮਨਾ੍ ਕਰ ਦਿੱਤਾ, ਪਰ ਫਿਰ ਉਹ ਬਾਸ਼ੋ ਦੇ ਕਹਿਣ ਤੇ ਮੰਨ ਗਿਆ, ਸੀਰਤ ਨੇ ਫੈਕਟਰੀ ਵਿਚ ਨੋਕਰੀ ਕਰਨੀ ਸ਼ੁਰੂ ਕਰ ਦਿੱਤੀ। ਹੁਣ ਉਸਦਾ ਸੁਭਾਅ ਵਧੀਆ ਹੋ ਗਿਆ ਸੀ । ਉਹ ਆਪਣੇ ਕੰਮ ਵਿੱਚ ਰੁੱਝੀ ਹੋਣ ਕਰਕੇ ਫਾਲਤੂ ਗੱਲਾਂ ਵਿੱਚ ਧਿਆਨ ਨਹੀ ਸੀ ਦੇਦੀਂ।

## ''ਕਹਿੰਦੇ ਆ ਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਏ''

ਫਿਰ ਇਕ ਦਿਨ ਫੈਕਟਰੀ ਵਿਚੋਂ ਸੀਰਤ ਨੂੰ ਸੁਨੀਲ ਦੀ ਮੌਤ ਨਹੀ ਕਤਲ ਦਾ ਪਤਾ ਲੱਗ ਗਿਆ, ਉਸਨੂੰ ਇਹ ਵੀ ਪਤਾ ਲੱਗ ਗਿਆ ਕਿ ਇਸ ਸਭ ਨੂੰ ਅਸ਼ੋਕ ਨੇ ਇੰਨਜਾਮ ਦਿੱਤਾ ਏ, ਪਰ ਉਸਨੂੰ ਸਹਿਲ ਬਾਰੇ ਨਾ ਪਤਾ ਲੱਗਾ , ਕਿਉਕਿ ਉਹ ਬਹੁਤ ਹੀ ਚਤਰ ਚਲਾਕ ਆਦਮੀ ਸੀ। ਉਸਨੇ ਪਹਿਲਾਂ ਹੀ ਆਪਣੇ ਆਪ ਨੂੰ ਇਸ ਵਿਚੋਂ ਬਾਹਿਰ ਕੱਢਣ ਦਾ ਹੱਲ ਲੱਭ ਲਿਆ ਸੀ । ਉਹ ਸੁਨੀਲ ਦੀ ਮੌਤ ਤੋਂ ਬਾਅਦ ਹੀ ਬਾਹਰਲੇ ਦੇਸ ਚਲਾ ਗਿਆ ਸੀ। ਸੀਰਤ ਨੂੰ ਇਹ ਪਤਾ ਲੱਗਾ , ਕਿ ਅਸ਼ੋਕ ਨੇ ਸੁਨੀਲ ਦਾ ਕਤਲ ਇਸ ਲਈ ਕਰਿਆ, ਕਿਉਂਕਿ ਸੀਰਤ ਨੇ ਅਸ਼ੋਕ ਨੂੰ ਛੱਡ ਕੇ ਸੁਨੀਲ ਨਾਲ ਰਿਸ਼ਤਾ ਜੋੜਿਆ ਸੀ। ਇਸੇ ਗੱਲ ਨੂੰ ਸੁਣਦਿਆਂ ਹੀ ਸੀਰਤ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ, ਉਹ ਉਥੇ ਹੀ ਡਿੱਗ ਗਈ ਅਤੇ ਬੇਹੋਸ਼ ਹੋ ਗਈ। ਉਸ ਨੂੰ ਕੁੱਝ ਵੀ ਪਤਾ ਨਹੀ ਲੱਗਿਆ, ਉਸਦੀ ਫੈਕਟਰੀ ਵਿੱਚ ਕੰਮ ਕਰਨ ਵਾਲਿਆਂ ਨੇ ਉਸ ਨੂੰ ਘਰ ਪਹੁੰਚਾ ਦਿੱਤਾ। ਜਦ ਉਹ ਸਵੇਰੇ ਉੱਠੀ ਤਾਂ ਅਸ਼ੋਕ, ਬਾਸ਼ੋ ਅਤੇ ਉਸਦੀਆਂ ਕੁੜੀਆਂ ਉਸ ਦੇ ਕੋਲ ਬੈਠੇ ਸਨ। ਉਹ ਉੱਠ ਕੇ


Webpagepdf.com

ਤਿਆਰ ਹੋਈ ਤੇ ਆਪਣੇ ਕੰਮ ਲਈ ਕਰ ਫੈਕਟਰੀ ਚਲੀ ਗਈ । ਉਹ ਕੁਝ ਦਿਨ ਚੁੱਪ ਰਹੀ ਪਤਾ ਲੱਗਦਾ ਸੀ। ਕਿ ਉਸਦੀ ਚੁੱਪ ਨਾਲ ਕੁੱਝ ਜਰੂਰ ਖਤਰਨਾਕ ਵਾਪਰੇਗਾ। ਆਖਿਰ ਉਸ ਨੇ ਅਸ਼ੋਕ ਤੋਂ ਬਦਲਾ ਲੈਣ ਲਈ, ਉਸਦੇ ਖਾਣੇ ਵਿੱਚ ਜਹਿਰ ਮਿਲਾ ਦਿੱਤਾ । ਪਰ ਬਦਕਿਸਮਤੀ ਕਿ ਅਸ਼ੋਕ ਖਾਣਾ ਖਾਣ ਹੀ ਲੱਗਦਾ ਸੀ। ਅਚਾਨਕ ਹੀ ਉਸਨੂੰ ਕਿਸੇ ਦਾ ਫੋਨ ਆ ਗਿਆ,  ਤੇ ਉਹ ਫੋਨ ਸੁਣਨ ਚੱਲਾ ਗਿਆ ਅਤੇ ਖਾਣਾ ਉਸਦੀ ਧੀ ਗੁਰਨੂਰ ਨੇ ਖਾ ਲਿਆ, ਜਿਸ ਨਾਲ ਉਸਦੀ ਮੌਤ ਹੋ ਜਾਂਦੀ ਹੈ।

ਇਵੇਂ ਹੀ ਅਸ਼ੋਕ ਨੇ ਸੀਰਤ ਤੋਂ ਬਦਲਾ ਲੈਣ ਲਈ ਸੁਨੀਲ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ,ਅਤੇ ਸੀਰਤ ਨੇ ਅਸ਼ੋਕ ਤੋਂ ਬਦਲਾ ਲੈਣ ਲਈ ਆਪਣੀ ਧੀ ਦੀ ਜਿੰਦਗੀ ਖੋਹ ਲਈ । ਸੀਰਤ ਦਾ ਪਰਿਵਾਰ ਸ਼ੁਰੂ ਤੋਂ ਅੰਤ ਤੱਕ ਇਵੇਂ ਟੁੱਟ ਗਿਆ ਸੀ ਜਿਵੇਂ ਕਿਸੇ ਦਰੱਖਤ ਦੇ ਪੱਤੇ ਹੌਲੀ-ਹੌਲੀ ਟੁੱਟ ਕੇ ਮਿੱਟੀ ਨਾਲ ਮਿੱਟੀ ਬਣ ਜਾਂਦੇ ਹਨ।

ਇਸੇ ਤਰ੍ਹਾਂ ਹੀ ਸੀਰਤ ਦਾ ਗੁੱਸੇਖੋਰ ਸੁਭਾਅ, ਅਸ਼ੋਕ ਅਤੇ ਬਾਸ਼ੋ ਦਾ ਸੁਨੀਲ ਅਤੇ ਸੀਰਤ ਨਾਲ ਚਾਲਾਂ ਖੇਡਣਾ ਅਤੇ ਬਾਸ਼ੋ ਦਾ ਸੁਨੀਲ ਅਤੇ ਸੀਰਤ ਨੂੰ ਛੱਡ ਕੇ ਅਸ਼ੋਕ ਦੀ ਮੇਰ ਲੈਣਾ।


Webpagepdf.com

ਇਹੀ ਸਾਰੇ ਸੁਨੀਲ ਅਤੇ ਗੁਰਨੂਰ ਦੀ ਮੌਤ ਦੇ ਕਾਰਨ ਬਣੇ।

ਇਸ ਪਰਿਵਾਰ ਵਿੱਚ ਇਕ ਦੂਸਰੇ ਦਾ ਸਾਥ ਨਾ ਦੇਣ ਕਰਕੇ ਘਰ ਦੇ ਦੋ ਮੈਂਬਰ ਖੋਣਾ ਅਤੇ ਉਹਨਾ ਦੀ ਮੌਤ ਤੇ ਝੂਠੇ ਹੰਝੂ ਰੋਣਾਂ ਧਿਆਨਦੇਣ ਯੋਗ ਹਨ ।

ਬਾਹਰ ਦੇ ਖਤਰਿਆਂ ਤੋਂ ਵਿਅਕਤੀ,

ਕੋਈ ਬਚਾਅ ਕਰ ਲੈਂਦਾ ਏ,

ਪਰ ਘਰ ਵਾਲੇ ਖਤਰੇ

ਅਕਸਰ

ਵਿਅਕਤੀ ਦੀ ਜਿੰਦਗੀ , ਉਜਾੜ ਦਿੰਦੇ ਨੇ...

( ਰਮਨਦੀਪ )

( ਇਸ ਕਹਾਣੀ ਬਾਰੇ ਆਪਣੇ ਵਿਚਾਰ ਅਤੇ ਹੋਰਨਾਂ ਕਹਾਣੀਆਂ ਨੂੰ ਪੜ੍ਹਨ ਲਈ ਤੁਸੀ ਮੇਰੇ ਵਾੱਟਸਆਪ ਨੰਬਰ ਤੇ ਸੰਪਰਕ ਜਾਂ ਮੈਸਜ ਕਰ ਸਕਦੇ ਹੋ )

**ਸੁਖਦੀਪ ਸਿੰਘ**

**( 8699633924 )**

 Webpagepdf.com